ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮ:
(ਨਿਗ: ਇੰਜ:/ਪ੍ਰਸੋਨਲ/ਜੋਨ (ਸੀ) ਪਟਿਆਲਾ)

ਵੱਲ:

1) ਸਾਰੇ ਇੰਜ:-ਇਨ-ਚੀਫ/ਜਨਰਲ ਮਨੇਜਰ, ਮੁੱਖ ਇੰਜੀਨੀਅਰ, ਪੀਐਸਪੀਸੀਐਲ ਅਤੇ ਪੀਐਸਟੀਸੀਐਲ, ਸਮੇਤ ਬੀਬੀਐਮਬੀ, ਬੀਸੀਬੀ ਅਤੇ ਯੂਟੀ ਚੰਡੀਗੜ।
2) ਮੈਂਬਰ ਪਾਵਰ, ਬੀਬੀਐਮਬੀ, ਚੰਡੀਗੜ।
3) ਸਕੱਤਰ/ਬੀਬੀਐਮਬੀ, ਚੰਡੀਗੜ।
4) ਮੁੱਖ ਅਡੀਟਰ/ਅਮਲਾ ਭਾਗ, ਪਟਿਆਲਾ।
5) ਸਾਰੇ ਉਪ ਮੁੱਖ ਇੰਜੀਨੀਅਰ/ਨਿਗਰਾਨ ਇੰਜੀਨੀਅਰ, ਪਾਵਰ ਕਾਮ ਅਤੇ ਟਰਾਂਸਕੋ ਸਮੇਤ ਬੀਬੀਐਮਬੀ, ਚੰਡੀਗੜ।
6) ਨਿਗ: ਇੰਜ: ਹਾਈਡਲ ਡੀਜਾਇਨ ਸੰਸਥਾ, ਸੈਕਟਰ 18, ਮੱਧਿਆ ਮਾਰਗ, ਚੰਡੀਗੜ।
7) ਭੌਂ ਪ੍ਰਾਪਤੀ ਕੁਲੈਕਟਰ, ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮ:।
8) ਮੁੱਖ ਲੇਖਾ ਅਫਸਰ/ਅਮਲਾ ਭਾਗ, ਪਟਿਆਲਾ।
9) ਵਿੱਤ ਮੈਨੇਜਰ ਅਤੇ ਮੁੱਖ ਲੇਖਾ ਅਫਸਰ, ਬੀਬੀਐਮਬੀ, ਨੰਗਲ ਟਾਊਨਸ਼ਿਪ।
10) ਸਾਰੇ ਵਧੀਕ ਨਿਗਰਾਨ ਇੰਜੀਨੀਅਰ/ਕਾਰਜਕਾਰੀ ਇੰਜੀਨੀਅਰ, ਪਾਵਰ ਕੌਮ ਅਤੇ ਟਰਾਂਸਕੋ।
11) ਸਾਰੇ ਉਪ ਮੁੱਖ ਅਡੀਟਰ, ਪਾਵਰ ਕੌਮ ਅਤੇ ਟਰਾਂਸਕੋ ।
12) ਸਾਰੇ ਵਿਭਾਗਾਂ ਦੇ ਮੁਖੀ ਅਤੇ ਸੈਕਸ਼ਨਲ ਹੈਡ, ਹੈਡ ਆਫਿਸ ਪਟਿਆਲਾ।
13) ਸਾਰੇ ਲੇਖਾ ਅਫਸਰ/ਖੇਤਰ, ਪਾਵਰ ਕੌਮ ਅਤੇ ਟਰਾਂਸਕੋ.।

ਮੀਮੋ ਨੰ: 6281/6986 /ਜੀ.ਐਨ-37/ਵਾ:-28/ਅਪੰਗ ਕਰਮਚਾਰੀ
ਮਿਤੀ : 18-10-11

ਵਿਸ਼ਾ:- **ਅਪੰਗ ਕਰਮਚਾਰੀਆਂ ਨੂੰ ਸਰਕਾਰੀ ਸੇਵਾਵਾਂ ਗਰੁੱਪ ਏ, ਬੀ, ਸੀ ਅਤੇ ਡੀ ਵਿਚ ਤਰੱਕੀਆਂ ਕਰਨ ਸਮੇਂ ਰਾਖਵਾਂਕਰਨ ਦੇਣ ਲਈ ਅਪੰਗ ਕਰਮਚਾਰੀਆਂ ਦੇ ਸੇਵਾ ਵੇਰਵੇ ਭੇਜਣ ਬਾਰੇ ।**

----

ਹਵਾਲਾ:- **ਉਪ ਸਕੱਤਰ/ਪੀ. ਤੇ ਆਰ.ਰੈਗੂਲੇਸ਼ਨ ਭਾਗ, ਪਟਿਆਲਾ ਦਾ ਪੱਤਰ ਨੰ: 76348/76748/ ਏਡੀਪੀ-97/ਲੂਜ ਮਿਤੀ 9.8.2011 ਅਤੇ ਪੰਜਾਬ ਸਰਕਾਰ ਸਮਾਜਿਕ ਸੁਰੱਖਿਆ ਵਿਭਾਗ, (ਅਪੰਗ ਵਿਅਕਤੀਆਂ ਦੀ ਭਲਾਈ ਸ਼ਾਖਾ) ਚੰਡੀਗੜ ਦਾ ਪੱਤਰ ਨੰ: 7/29/2010-7 ਸਸ/566 ਮਿਤੀ 5.7.2010.**

ਉਪ ਸਕੱਤਰ/ਪੀ.ਤੇ ਆਰ.ਰੈਗੂਲੇਸ਼ਨ ਭਾਗ,ਪੀਐਸਪੀਸੀਐਲ, ਪਟਿਆਲਾ ਦੇ ਦਫਤਰ ਦੇ ਹਵਾਲੇ ਅਧੀਨ ਦਰਜ ਪੱਤਰ ਰਾਹੀਂ ਪੰਜਾਬ ਸਰਕਾਰ ਸਮਾਜਿਕ ਸੁਰੱਖਿਆ ਵਿਭਾਗ, (ਅਪੰਗ ਵਿਅਕਤੀਆਂ ਦੀ ਭਲਾਈ ਸ਼ਾਖਾ) ਚੰਡੀਗੜ ਦਾ ਪੱਤਰ ਨੰ: 7/29/2010-7ਸਸ/566 ਮਿਤੀ 5.7.2010 ਅਪਣਾਇਆ ਗਿਆ ਹੈ ਜਿਸ ਰਾਹੀਂ ਅਪੰਗ ਕਰਮਚਾਰੀਆਂ ਨੂੰ ਸਰਕਾਰੀ ਸੇਵਾਵਾਂ ਗਰੁੱਪ ਏ, ਬੀ, ਸੀ ਅਤੇ ਡੀ ਵਿਚ ਤਰੱਕੀਆਂ ਕਰਨ ਸਮੇਂ ਹੇਠ ਲਿਖੇ ਅਨੁਸਾਰ 3% ਰਾਖਵਾਂ ਕਰਨ ਦੇਣ ਦਾ ਫੈਸਲਾ ਕੀਤਾ ਗਿਆ ਹੈ :-

| ਕ੍ਰਮ ਨੰ: | ਅਪੰਗਤਾ ਦੀ ਕਿਸਮ | ਪ੍ਰਤੀਸ਼ਤਾ |
|---|---|---|
| 1 | ਨੇਤਰ ਹੀਣ ਅਤੇ ਅੰਸ਼ਕ ਨੇਤਰਹੀਣ | 1% |
| 2 | ਗੂੰਗੇ ਅਤੇ ਬੋਲੇ | 1% |
| 3 | ਫਿਜ਼ੀਕਲ ਹੈਂਡੀਕੈਪਡ ਅਤੇ ਦਿਮਾਗੀ ਕਮਜੋਰੀ | 1% |

ਇਸ ਪੱਤਰ ਰਾਹੀਂ ਬੇਨਤੀ ਕੀਤੀ ਜਾਂਦੀ ਹੈ ਕਿ ਆਪ ਜੀ ਦੀ ਸੰਸਥਾ ਅਧੀਨ ਤੈਨਾਤ ਉਪਰੋਕਤ ਕਿਸਮ ਦੇ ਅਪੰਗ ਮੰਡਲ ਸੁਪਰਡੈਂਟ, ਹਲਕਾ ਸਹਾਇਕ/ਏ ਆਰ ਏ, ਉਚ ਸ਼੍ਰੇਣੀ ਕਲਰਕ, ਹੇਠਲੀ ਸ਼੍ਰੇਣੀ ਕਲਰਕ ਕੁਆਲੀਫਾਈਡ, ਹੇਠਲੀ ਸ਼੍ਰੇਣੀ ਅਨ-ਕੁਆਲੀਫਾਈਡ ਅਤੇ ਸੇਵਾਦਾਰ ਕਰਮਚਾਰੀਆਂ ਦੇ ਸੇਵਾ ਵੇਰਵੇ ਅਤੇ ਅਨੁਸ਼ਾਸ਼ਨੀ ਕੇਸਾਂ ਬਾਰੇ ਰਿਪੋਰਟ ਪ੍ਰੋਫਾਰਮਾਂ ੳ ਅਤੇ ਅ ਤੇ ਸਮੇਤ ਦਸਵੀਂ ਪੱਧਰ ਦੀ ਪੰਜਾਬੀ ਪਾਸ

ਪਰਤੋ ਜੀ...

ਕਰਨ ਦਾ ਸਬੂਤ ਅਤੇ ਅਪੰਗ ਸਰਟੀਫੀਕੇਟ ਅਸਲ ਰੂਪ ਵਿਚ ਪੱਤਰ ਜਾਰੀ ਹੋਣ ਦੇ 30 ਦਿਨ ਦੇ ਅੰਦਰ ਇਸ ਦਫਤਰ ਨੂੰ ਉਪ ਸਕੱਤਰ/ਜੋਨਜ਼ ਦੀ ਈ.ਮੇਲ **(dy-secy-zones)** ਅਤੇ ਡਾਕ ਰਾਹੀਂ ਭੇਜਣ ਦੀ ਖੇਚਲ ਕੀਤੀ ਜਾਵੇ ਤਾਂ ਜੋ ਅਪੰਗ ਕਰਮਚਾਰੀਆਂ ਨੂੰ ਸਰਕਾਰੀ ਸੇਵਾਵਾਂ ਵਿਚ ਤਰੱਕੀਆਂ ਕਰਨ ਸਮੇਂ ਬਣਦਾ ਰਾਖਵਾਂਕਰਨ ਦਿਤਾ ਜਾ ਸਕੇ। ਇਹ ਵੀ ਬੇਨਤੀ ਕੀਤੀ ਜਾਂਦੀ ਹੈ ਕਿ ਅਪੰਗ ਸੇਵਾਦਾਰ ਅਤੇ ਅਨ-ਕੁਆਲੀਫਾਈਡ ਹੇਠਲੀ ਸ੍ਰੇਣੀ ਕਲਰਕਾਂ ਦੇ ਸੇਵਾ ਵੇਰਵੇ ਅਧੀਨ ਸਕੱਤਰ/ਜੋਨ-ਸੀ, ਐਮ-2, ਪਟਿਆਲਾ ਸਾਖਾ ਨੂੰ ਅਤੇ ਬਾਕੀ ਉਕਤ ਕੈਟਾਗਰੀਆਂ ਦੇ ਸੇਵਾ ਵੇਰਵੇ ਅੱਧੀਨ ਸਕੱਤਰ/ਜੋਨ-ਸੀ, ਐਮ-1, ਪਟਿਆਲਾ ਦੇ ਦਫਤਰ ਨੂੰ ਭੇਜੇ ਜਾਣ। ਹਰ ਇਕ ਕੈਟਾਗਰੀ ਦੇ ਵੇਰਵੇ ਵੱਖੋ ਵੱਖ ਪ੍ਰੋਫਾਰਮਿਆਂ ਤੇ ਕੈਟਾਗਰੀ ਵਾਈਜ਼ ਭੇਜੇ ਜਾਣ ਜੀ। **ਅਪੰਗ ਕਰਮਚਾਰੀਆਂ** ਦੇ ਸੇਵਾ ਵੇਰਵਿਆਂ ਦੀ ਇਕ ਕਾਪੀ ਸੇਵਾ ਰਿਕਾਰਡ ਤੋਂ ਤਸਦੀਕ ਕਰਨ ਉਪਰੰਤ ਅਧੀਨ ਸਕੱਤਰ/ਜੋਨ-ਸੀ, ਪੱਕਾ ਕਰਨ ਭਾਗ, ਪਟਿਆਲਾ ਸਾਖਾ ਨੂੰ ਸੀਨੀਆਰਤਾ ਸੂਚੀ ਵਿਚ **ਅਪੰਗ** ਹੋਣ ਸਬੰਧੀ ਇੰਦਰਾਜ਼ ਕਰਨ ਹਿੱਤ ਭੇਜੀ ਜਾਵੇ।

ਜੇਕਰ ਕਿਸੇ ਕਰਮਚਾਰੀ ਦੇ ਸੇਵਾ **ਵੇਰਵੇ ਅਤੇ ਮੰਗੇ ਗਏ ਦਸਤਾਵੇਜ਼** ਮਿਥੀ ਮਿਤੀ ਤੱਕ ਪ੍ਰਾਪਤ ਨਾ ਹੋਣ ਜਾਂ **ਲੇਟ** ਪ੍ਰਾਪਤ ਹੋਣ **ਕਾਰਣ ਕੋਈ ਸੀਨੀਅਰ ਕਰਮਚਾਰੀ** ਤਰੱਕੀ ਤੋਂ ਵਾਂਝਾ ਰਹਿ ਜਾਂਦਾ ਹੈ ਜਾਂ ਤਰੱਕੀ ਵਿਚ ਦੇਰੀ ਹੁੰਦੀ ਹੈ ਤਾਂ ਉਸਦੀ ਸਾਰੀ ਜਿਮੇਵਾਰੀ ਸਬੰਧਤ ਕਰਮਚਾਰੀ ਦੀ ਆਪਣੀ ਅਤੇ ਉਸਦੇ ਤੈਨਾਤੀ ਦਫਤਰ ਦੇ ਸਬੰਧਤ ਅਧਿਕਾਰੀ/ਕਰਮਚਾਰੀ ਦੀ ਹੋਵੇਗੀ। **ਬਾਅਦ** ਵਿਚ ਦੇਰੀ ਨਾਲ ਪਦ ਉਨਤ ਹੋਏ ਕਰਮਚਾਰੀਆਂ ਨੂੰ **ਡੀਮ ਡੇਟ ਤਰੱਕੀ ਲਈ ਵਿਚਾਰਿਆ ਨਹੀਂ ਜਾਵੇਗਾ।**

ਕਰਮਚਾਰੀਆਂ ਦੇ ਸੇਵਾ ਵੇਰਵੇ ਭੇਜਦੇ ਸਮੇਂ ਇਹ ਤਸਦੀਕ ਕੀਤਾ ਜਾਵੇ ਕਿ ਉਹਨਾਂ ਦੀ ਸੰਸਥਾ ਅਧੀਨ ਕੋਈ ਵੀ ਅਜਿਹਾ ਯੋਗ ਕਰਮਚਾਰੀ ਨਹੀਂ ਰਿਹਾ ਜਿਸਦੇ ਸੇਵਾ ਵੇਰਵੇ ਅਤੇ ਲੋੜੀਂਦੇ ਦਸਤਾਵੇਜ਼ ਭੇਜਣੋ ਰਹਿ ਗਏ ਹੋਣ। ਪੱਤਰ ਦੀ ਕਾਪੀ ਪੀਐਸਪੀਸੀਐਲ ਦੀ **ਵੈਬ ਸਾਈਟ** ਤੇ ਵੀ ਉਪਲਬਧ ਹੈ।

ਇਸ ਨੂੰ ਅਤਿ ਜਰੂਰੀ ਸਮਝਿਆ ਜਾਵੇ ।

**ਨੱਥੀ/ਪ੍ਰੋਫਾਰਮਾਂ ੳ ਅਤੇ ਅ**

ਅਧੀਨ ਸਕੱਤਰ/ਜੋਨ-ਸੀ,
ਵਾ: ਨਿਗ: ਇੰਜੀ:/ਪ੍ਰਸੋਨਲ,
ਪਟਿਆਲਾ ।

ਸੀ.ਸੀ.

ਸੁਪਰਡੈਟ/ਪੱਕਾ ਕਰਨ ਭਾਗ, ਪੰ:ਸ:ਪਾ:ਕਾ:ਲਿਮ:,ਪਟਿਆਲਾ ।